ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 31 ਜਨਵਰੀ, 1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਸਰਕਾਰ ਚਲਾਉਣ ਵਾਲਿਆਂ ਦੇ ਵਰਤ

ਭਾਰਤ ਦੇ ਪ੍ਰਧਾਨ ਮੰਤਰੀ ਨੇ 30 ਨੂੰ ਜਨਵਰੀ ਵਰਤ ਰੱਖਿਆ ਹੈ। ਇਹ ਪਸ਼ਚਾਤਾਪ ਕਰਨ ਲਈ ਕਿ ਜਿਹੜੀ ਸਰਕਾਰ ਉਹ ਚਲਾ ਰਿਹਾ ਹੈ, ਉਸ ਵਿਚ ਸਰਕਾਰ ਵਾਲੀ ਕੋਈ ਗੱਲ ਨਹੀਂ। ਪੰਜਾਬ ਦੇ ਲੋਕ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਬਾਦਲ ਸਾਹਿਬ ਇਹ ਵਰਤ ਕਦੋਂ ਰੱਖਣਗੇ? ਕਿਉਂਕਿ ਸਰਕਾਰ ਨਾਂ ਦੀ ਚੀਜ਼ ਪੰਜਾਬ ਵਿਚ ਵੀ ਕੋਈ ਨਹੀਂ ਚੱਲ ਰਹੀ। ਉਂਝ ਇਹ ਵੱਖਰੀ ਗੱਲ ਹੈ ਕਿ ਸਰਕਾਰ ਬਿਹਾਰ ਵਿਚ ਵੀ ਨਹੀਂ ਚੱਲ ਰਹੀ, ਉੜੀਸਾ ਵਿਚ ਵੀ ਨਹੀਂ ਚੱਲ ਰਹੀ ਅਤੇ ਗੁਜਰਾਤ ਵਿਚ ਵੀ ਨਹੀਂ ਚੱਲ ਰਹੀ ਜਾਂ ਇਹ ਕਹਿ ਲਵੋ ਕਿ ਦੇਸ਼ ਦੇ ਬਹੁਤਿਆਂ ਹਿੱਸਿਆਂ ਵਿਚ ਨਹੀਂ ਚਲ ਰਹੀ।

ਜਿਸ ਦੇਸ਼ ਵਿਚ ਕੋਈ ਇਸਾਈ ਪਾਦਰੀ ਇਸ ਕਰਕੇ ਬੱਚਿਆਂ ਸਮੇਤ ਸਾੜਕੇ ਮਾਰ ਦਿੱਤਾ ਜਾਏ ਕਿ ਉਹ ਕੋਹੜ ਨਾਲ ਪੀੜਤ ਲੋਕਾਂ ਦੀ ਸੇਵਾ ਕਿਉਂ ਕਰਦਾ ਹੈ? ਅਤੇ ਫੇਰ ਕਾਤਲਾਂ ਦੀ ਸ਼ਨਾਖਤ ਵੀ ਹੋ ਜਾਏ ਅਤੇ ਉਹ ਪਕੜੇ ਨਾ ਜਾਣ ਤਾਂ ਕਿਹਾ ਜਾ ਸਕਦਾ ਹੈ ਕਿ ਸਰਕਾਰ ਉਥੇ ਕੋਈ ਨਹੀਂ। ਪੰਜਾਬ ਵਿਚ ਲੋਕ ਭਗਤ ਪੂਰਨ ਸਿੰਘ ਹੋਰਾਂ ਦੇ ਕੰਮ ਤੋਂ ਜਾਣੂ ਹਨ। ਉਹੋ ਜਿਹਾ ਹੀ ਕੰਮ ਉਹ ਪਾਦਰੀ ਕਰ ਰਿਹਾ ਸੀ ਪਰ ਧਾਰਮਕ ਜਨੂੰਨੀਆਂ ਨੂੰ ਉਹਦਾ ਕੰਮ ਚੰਗਾ ਨਹੀਂ ਲੱਗਿਆ ਕਿਉਂਕਿ ਆਦਿਵਾਸੀ ਉਹਦੇ ਕੰਮ ਤੋਂ ਪ੍ਰਭਾਵਤ ਹੋ ਕੇ ਇਸਾਈ ਬਣਦੇ ਜਾ ਰਹੇ ਸਨ। ਇਸਾਈ ਮੱਤ ਵਾਲੇ ਬੜੇ ਸਕੂਲ ਚਲਾ ਰਹੇ ਹਨ। ਲੋਕਾਂ ਨੂੰ ਵਿੱਦਿਆ ਦੇ ਰਹੇ ਹਨ ਅਤੇ ਇਸ ਵਿਚ ਕੋਈ ਕਿੰਤੂ ਨਹੀਂ ਕਿ ਉਹ ਚੰਗੀ ਵਿੱਦਿਆ ਦੇ ਰਹੇ ਹਨ। ਉਹਨਾਂ ਦੇ ਚਲਾਏ ਹੋਏ ਸਕੂਲਾਂ ਦੀ ਚੰਗੀ ਸਾਖ਼ ਹੈ। ਸਮੁੱਚੇ ਦੇਸ਼ ਨੂੰ ਉਹਨਾਂ ਦਾ ਰਿਣੀ ਹੋਣਾ ਚਾਹੀਦਾ ਹੈ। ਹੋਰ ਧਰਮਾਂ ਵਾਲਿਆਂ ਨੂੰ ਉਹਨਾਂ ਦੀ ਮਿਸਾਲ ਤੋਂ ਸਬਕ ਲੈ ਕੇ ਚੰਗੇ ਸਕੂਲ ਚਲਾਉਣੇ ਚਾਹੀਦੇ ਹਨ, ਪਰ ਜਿਹੜੇ ਕੰਮ ਕਰ ਰਹੇ ਹਨ, ਉਹਨਾਂ ਨੂੰ ਸਾੜਕੇ ਮਾਰਨਾ ਦੇਸ਼ ਲਈ ਸ਼ਰਮ ਦੀ ਗੱਲ ਬਣ ਜਾਂਦਾ ਹੈ। ਮਦਨ ਲਾਲ ਖੁਰਾਨਾ ਨੂੰ ਸ਼ਰਮ ਆ ਗਈ ਹੈ ਪਰ ਅਡਵਾਨੀ ਸਾਹਬ ਨੂੰ ਨਹੀਂ ਆਈ। ਅਟੱਲ ਬਿਹਾਰੀ ਵਾਜਪਾਈ ਦਾ ਵਰਤ ਰੱਖਣਾ ਬਣਦਾ ਹੈ।

ਜੇ ਬਾਲ ਠਾਕਰੇ ਵਰਗਾ ਇਕ ਵਿਅਕਤੀ ਇਹ ਧਮਕੀ ਦੇਵੇ ਕਿ ਉਹ ਕ੍ਰਿਕਟ ਮੈਚ ਨਹੀਂ ਹੋਣ ਦੇਵੇਗਾ। ਉਹਦੇ ਚੇਲੇ-ਚਾਪੜੇ ਕ੍ਰਿਕਟ ਮੈਦਾਨ ਦੀਆਂ ਪਿੱਚਾਂ ਉਖੇੜ ਦੇਣ, ਖਿਡਾਰੀਆਂ ਦੀਆਂ ਜਿੱਤੀਆਂ ਟਰਾਫ਼ੀਆਂ ਤਹਿਸ-ਨਹਿਸ ਕਰ ਦੇਣ। ਉਹਨਾਂ ਨੂੰ ਕੋਈ ਸਜ਼ਾ ਦੇਣ ਦੀ ਥਾਂ ਦੇਸ਼ ਦਾ ਗ੍ਰਹਿ ਮੰਤਰੀ ਦਿੱਲੀ ਤੋਂ ਉੱਠ ਕੇ ਬੰਬਈ ਜਾਏ ਅਤੇ ਉਹਦੇ ਅੱਗੇ ਡੰਡੌਤ ਕਰੇ ਤਾਂ ਇਸ ਵਿਚ ਸਰਕਾਰ ਚੱਲਣ ਵਾਲੀ ਕੋਈ ਗੱਲ ਨਹੀਂ ਰਹਿ ਜਾਂਦੀ। ਵਾਜਪਾਈ ਹੋਰਾਂ ਦਾ ਸਿਰਫ਼ ਪਸ਼ਚਾਤਾਪ ਕਰਨਾ ਨਹੀਂ ਬਣਦਾ, ਸਗੋਂ ਅਸਤੀਫ਼ਾ ਦੇਣਾ ਬਣਦਾ ਹੈ।

ਪੰਜਾਬ ਦੇ ਅੰਨਦਾਤੇ ਖੁਦਕੁਸ਼ੀਆਂ ਕਰ ਰਹੇ ਹਨ ਕਿਉਂਕਿ ਉਹਨਾਂ ਉੱਤੇ 5700 ਕਰੋੜ ਰੁਪਏ ਦਾ ਕਰਜ਼ਾ ਹੈ। ਉਹ ਕਰਜ਼ਾ ਉਹਨਾਂ 'ਤੇ ਇਸ ਲਈ ਹੈ ਕਿ ਖੇਤੀ ਦੇ ਖਰਚੇ ਕੁਦਰਤੀ ਕ੍ਰੋਪੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਪੰਜਾਬ ਸਰਕਾਰ ਜੇਕਰ, ਸੱਚੀਂ ਸਰਕਾਰ ਨਾਂ ਦੀ ਕੋਈ ਚੀਜ਼ ਹੁੰਦੀ ਤਾਂ ਉਹ ਅਪਣੀ ਸਾਰੀ ਸ਼ਕਤੀ ਇਸ ਗੱਲ 'ਤੇ ਲਗਾ ਦੇਂਦੀ ਕਿ ਕਿਸਾਨ ਨੂੰ ਇਸ ਸੰਕਟ ਵਿਚੋਂ ਕਿਸ ਤਰ੍ਹਾਂ ਕੱਢੇ? ਸਾਰੇ ਫਾਲਤੂ ਖਰਚੇ ਜਿਸ ਤਰ੍ਹਾਂ ਬਾਦਲ ਸਾਹਿਬ ਦੇ ਹੈਲੀਕਾਪਟਰ ਦੇ ਦੌਰੇ, ਮੰਤਰੀਆਂ ਦੇ ਬਦੇਸ਼ੀ ਦੌਰੇ, ਮੰਤਰੀਆਂ ਦੇ ਆਪਣੇ ਇਲਾਕਿਆਂ ਦੇ ਫਾਲਤੂ ਦੌਰੇ, ਹਰ ਜਥੇਦਾਰ ਦੀ ਧੀ-ਭੈਣ ਦੇ ਵਿਆਹ ਉੱਤੇ ਸਰਕਾਰੀ ਖਰਚ ਤੇ ਮੁੱਖ ਮੰਤਰੀ ਅਤੇ ਉਹਦੇ ਮੰਤਰੀਆਂ ਦਾ ਪੁੱਜਣਾ, ਹਰ ਭੋਗ 'ਤੇ ਪੁੱਜਣਾ, ਉਥੇ ਕੋਈ ਨਾ ਕੋਈ ਤਕਰੀਰ ਕਰਨੀ, ਅਬੈਂਸਡਰ ਕਾਰ ਦੀ ਥਾਂ ਕਨਟੈਸਾ ਕਾਰਾਂ 'ਤੇ ਸਫ਼ਰ ਕਰਨਾ, ਮੰਤਰੀਆਂ ਦੀਆਂ ਡਾਰਾਂ ਦੀਆਂ ਡਾਰਾਂ ਬਣਾ ਦੇਣੀਆਂ ਆਦਿਕ - ਸਾਰੇ ਫਾਲਤੂ ਖਰਚੇ ਹਨ। ਸੰਕਟ ਵੇਲੇ ਇਹ ਸਾਰਾ ਪੈਸਾ ਬਚਾ ਕੇ ਕਿਸਾਨਾਂ ਨੂੰ ਰਾਹਤ ਦੇਣੀ ਬਣਦੀ ਹੈ। ਕੁਝ ਦੇਰ ਮੁੱਖ ਮੰਤਰੀ, ਮੰਤਰੀ, ਵੱਡੇ ਅਫ਼ਸਰ ਚੰਡੀਗੜ੍ਹ ਬੈਠੇ ਰਹਿਣ, ਟੈਲੀਫ਼ੂਨ ਤੇ ਜ਼ਿਲ੍ਹਿਆਂ ਦੀ ਸਾਰੀ ਜਾਣਕਾਰੀ ਹਾਸਲ ਕਰਦੇ ਰਹਿਣ ਤਾਂ ਕੋਈ ਆਫ਼ਤ ਨਹੀਂ ਆ ਜਾਣ ਲੱਗੀ। 5700 ਕਰੋੜ ਰੁਪਿਆ ਬਚਾਉਣਾ ਕੋਈ ਮੁਸ਼ਕਿਲ ਗੱਲ ਨਹੀਂ, ਜੇਕਰ ਇਰਾਦਾ ਹੋਵੇ। ਪਰ ਇਰਾਦਾ ਕਿਥੇ ਹੈ? ਜ਼ੋਰ ਤਾਂ ਹੁਣ ਸਾਰਾ ਆਪਸੀ ਲੜਾਈ 'ਤੇ ਲੱਗ ਗਿਆ ਹੈ। ਸਿੰਘ ਸਾਹਿਬ, ਬਰਜਿੰਦਰ ਸਿੰਘ ਹਮਦਰਦ, ਸੁਖਦੇਵ ਸਿੰਘ ਭੌਰ, ਗੁਰਚਰਨ ਸਿੰਘ ਟੌਹੜਾ, ਪ੍ਰੋ. ਮਨਜੀਤ ਸਿੰਘ ਆਦਿਕ ਸਰਕਾਰੀ ਵਰਤਾਰੇ ਵਿਚ ਕਿਥੇ ਆਉਂਦੇ ਹਨ? ਉਹਨਾਂ ਦੀ ਸਰਕਾਰ ਚਲਾਉਣ ਵਿਚ ਕੀ ਭੂਮਿਕਾ ਹੈ? ਬਿਲਕੁਲ ਹੀ ਕੁਝ ਨਹੀਂ, ਪਰ ਸਾਰਾ ਧਿਆਨ ਇਹਨਾਂ ਗੱਲਾਂ ਤੇ ਲੱਗਾ ਹੋਇਆ ਹੈ। ਕਿਸਾਨਾਂ ਨੂੰ ਰਾਹਤ ਦੇਣ ਬਾਰੇ ਸੋਚਣ ਦੀ ਵਿਹਲ ਕਿਸਨੂੰ ਹੈ?

ਫੇਰ ਲੋਕ ਕੀ ਕਰਨ? ਆਪਣਾ ਗੁੱਸਾ ਕਿਸ ਤਰ੍ਹਾਂ ਜ਼ਾਹਰ ਕਰਨ? ਸੱਥਾਂ ਵਿਚ ਬੈਠਣ ਤਾਂ ਇਸੇ ਗੱਲ ਦਾ ਚਰਚਾ ਕਰਨ ਕਿ ਸਰਕਾਰ ਦੀਆਂ ਫ਼ਜ਼ੂਲ ਖਰਚੀਆਂ ਬੰਦ ਹੋਣੀਆਂ ਚਾਹੀਦੀਆਂ ਹਨ? ਮੰਤਰੀਆਂ ਦੇ ਬਾਈਕਾਟ ਕਰਨ। ਬਾਦਲ ਸਾਹਿਬ ਦਾ ਫਰਜ਼ ਬਣਦਾ ਹੈ ਕਿ ਉਹ ਰੇਡੀਓ ਜਾਂ ਟੈਲੀਵੀਜ਼ਨ ਤੇ ਆ ਕੇ ਲੋਕਾਂ ਨੂੰ ਸੰਬੋਧਨ ਕਰਨ। ਉਹਨਾਂ ਨੂੰ ਕਹਿਣ "ਭਾਈ ਖੁਦਕੁਸ਼ੀਆਂ ਨਾ ਕਰੋ, ਅਸੀਂ ਤੁਹਾਡੇ ਲਈ ਕੁਝ ਨਾ ਕੁਝ ਕਰਾਂਗੇ।" ਇਹ ਸਪੱਸ਼ਟ ਦੱਸਣ ਕਿ ਕੀ ਕਰਨਗੇ?

ਸਰਕਾਰ ਵੱਲੋਂ ਕੁਝ ਨਹੀਂ ਹੋ ਰਿਹਾ। ਕਿਸਾਨ ਸਭਾਵਾਂ 15 ਫਰਵਰੀ ਤੋਂ ਜੇਲ੍ਹ ਭਰੋ ਅੰਦੋਲਨ ਕਰ ਰਹੀਆਂ ਹਨ। ਕੁਝ ਨਾ ਕੁਝ ਤਾਂ ਬੋਲੇ ਕੰਨਾਂ ਵਿਚ ਸੁਣਵਾਈ ਕਰਨ ਲਈ ਕਰਨਾ ਹੀ ਪਏਗਾ। ਬਾਦਲ ਸਾਹਿਬ ਦੀ ਸਰਕਾਰ ਨਿਕੰਮੀ ਸਰਕਾਰ ਸਾਬਤ ਹੋ ਰਹੀ ਹੈ। ਬਾਦਲ ਸਾਹਿਬ ਦਾ ਪਸ਼ਚਾਤਾਪ ਵਾਲਾ ਵਰਤ ਰੱਖਣਾ ਬਣਦਾ ਹੈ। ਲੋਕਾਂ ਨੂੰ ਇਸਦੀ ਉਡੀਕ ਹੈ।